ਪੰਜਾਬ ਸਰਕਾਰ
ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ
(ਡਿਜ਼ਾਸਟਰ ਮੈਨੇਜਮੈਂਟ-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼

ਮੀਮੋ ਨੰ:7/1/2011-2ਡੀ.ਐਮ.1/ 3481-3500
ਚੰਡੀਗੜ੍ਹ, ਮਿਤੀ 01/3/2011

ਵਿਸ਼ਾ:- ਮਨੁੱਖੀ ਜਾਨਾਂ, ਪਸ਼ੂਧਨ ਅਤੇ ਮਕਾਨਾਂ ਦੇ ਮਾਮਲੇ ਵਿੱਚ ਰਾਹਤ ਦੇਣ ਸਬੰਧੀ ਤੌਰ ਤਰੀਕੇ ਅਸਾਨ ਕਰਨ ਬਾਰੇ।

ਹਵਾਲਾ:- ਇਸ ਵਿਭਾਗ ਦੇ ਪੱਤਰ ਨੰ: 2/20/2000-ਈ.ਆਰ.11/5212, ਮਿਤੀ 20.7.2001

***

ਇਹ ਵੇਖਣ ਵਿੱਚ ਆਇਆ ਹੈ ਕਿ ਹਵਾਲੇ ਅਧੀਨ ਪੱਤਰ ਰਾਹੀਂ ਜਾਰੀ ਚੈੱਕ ਲਿਸਟਾਂ ਅਨੁਸਾਰ ਦਸਤਾਵੇਜ਼ਾਂ ਲੋੜੀਂਦੇ ਹੁੰਦੇ ਹਨ, ਰਾਹਤ ਲਈ ਪ੍ਰਾਪਤ ਤਜਵੀਜ਼ਾਂ ਦੇ ਨਾਲ ਨੱਥੀ ਕਰਕੇ ਨਹੀਂ ਭੇਜੇ ਜਾਂਦੇ ਹਨ। ਇਹ ਦਸਤਾਵੇਜ਼ ਪ੍ਰਾਪਤ ਕਰਨ ਲਈ ਵਾਰ ਵਾਰ ਥੇਤਰੀ ਦਫਤਰਾਂ ਨਾਲ ਲਿਖਾ-ਪੜ੍ਹੀ ਕਰਨੀ ਪੈਂਦੀ ਹੈ। ਇਸ ਤਰ੍ਹਾਂ ਪ੍ਰਭਾਵਿਤ ਵਿਅਕਤੀਆਂ ਨੂੰ ਰਾਹਤ ਦੇਣ ਵਿੱਚ ਅਣ-ਉਚਿਤ ਦੇਰੀ ਹੁੰਦੀ ਹੈ ਅਤੇ ਸਰਕਾਰ ਦਾ ਸਮਾਂ ਵੀ ਬਰਬਾਦ ਹੁੰਦਾ ਹੈ।ਇਸ ਨੂੰ ਦੇਖਦੇ ਹੋਏ ਸਰਕਾਰ ਵਲੋਂ ਪ੍ਰਭਾਵਿਤ ਵਿਅਕਤੀਆਂ ਨੂੰ ਫੌਰੀ ਰਾਹਤ ਦੇਣ ਹਿਤ ਮਾਮਲਾ ਵਿਚਾਰਿਆ ਗਿਆ ਅਤੇ ਹਵਾਲੇ ਅਧੀਨ ਹਦਾਇਤਾਂ ਦੇ ਸਬੰਧ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਹੁਣ ਤੋਂ ਬਾਅਦ ਮਨੁੱਖੀ ਜਾਨਾਂ, ਪਸ਼ੂਧਨ ਅਤੇ ਮਕਾਨਾਂ ਦੇ ਮਾਮਲੇ ਵਿੱਚ ਰਾਹਤ ਦੇਣ ਹਿਤ ਚੈੱਕ-ਲਿਸਟਾਂ ਅਨੁਸਾਰ ਲੋੜੀਂਦੇ ਦਸਤਾਵੇਜ਼ ਪ੍ਰਾਪਤ ਕਰਨ, ਮੇਨਟੇਨ ਕਰਨ ਅਤੇ ਮੰਗਣ ਤੇ ਆਡਿਟ ਪਾਰਟੀ ਨੂੰ ਪੇਸ਼ ਕਰਨ ਦੀ ਪੂਰੀ ਪੂਰੀ ਜਿੰਮੇਵਾਰੀ ਡਿਪਟੀ ਕਮਿਸ਼ਨਰ ਦਫਤਰ ਦੀ ਹੋਵੇਗੀ। ਸਰਕਾਰ ਵਲੋਂ ਡਿਪਟੀ ਕਮਿਸ਼ਨਰ ਤੋਂ ਪ੍ਰਾਪਤ ਤਜਵੀਜ ਅਨੁਸਾਰ ਰਾਹਤ ਦੀ ਰਕਮ ਮੰਨਜੂਰ ਕਰ ਦਿੱਤੀ ਜਾਇਆ ਕਰੇਗੀ। ਇਹ ਹਦਾਇਤਾਂ ਸਟੇਟ ਐਗਜ਼ੈਕਟਿਵ ਕਮੇਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਵਿਸ਼ੇਸ਼ ਸਕੱਤਰ ਮਾਲ